# ਤੱਥ ਪੱਤਰ *ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਖਿਲਾਫ ਹਿੰਸਾ ਨੂੰ ਘੱਟ ਕਰਨ ਦੀ ਰਾਸ਼ਟਰੀ ਯੋਜਨਾ 2010-2022* ਦੀ ਚੌਥੀ ਕਾਰਜਵਾਈ ਯੋਜਨਾ (ਰਾਸ਼ਟਰੀ ਯੋਜਨਾ)

ਇਸ ਤੱਥ ਪੱਤਰ ਵਿੱਚ ਦਿੱਤੀ ਜਾਣਕਾਰੀ ਪੜ੍ਹਣ ਵਿੱਚ ਆਸਾਨ ਬਣਾਉਣ ਲਈ ਤਿਆਰ ਕੀਤੀ ਗਈ ਹੈ।

## ਪ੍ਰਸਤਾਵਨਾ

ਔਰਤਾਂ ਅਤੇ ਬੱਚਿਆਂ ਖਿਲਾਫ ਕੀਤੀ ਜਾਣ ਵਾਲੀ ਹਰ ਤਰ੍ਹਾਂ ਦੀ ਹਿੰਸਾ ਸਵੀਕਾਰ ਯੋਗ ਨਹੀਂ ਹੈ, ਭਾਵੇਂ ਉਹ ਕਿਸੇ ਵੀ ਭਾਈਚਾਰੇ ਅਤੇ ਸਭਿਆਚਾਰ ਵਿੱਚ ਹੋਵੇ। ਸਰਕਾਰ ਦੇ ਸਾਰੇ ਪੱਧਰਾਂ, ਨਾਲ ਹੀ ਵਪਾਰਾਂ, ਸੇਵਾ ਪ੍ਰਦਾਤਾਵਾਂ ਅਤੇ ਭਾਈਚਾਰੇ ਨੂੰ ਹਿੰਸਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਸਨੂੰ ਰੋਕਣ ਅਤੇ ਜਿੱਥੇ ਲੋੜ ਹੋਵੇ, ਔਰਤਾਂ ਅਤੇ ਬੱਚਿਆਂ ਦਾ ਸਮਰਥਨ ਕਰਨ ਲਈ ਲਗਾਤਾਰ ਕਾਰਜਵਾਈ ਅਤੇ ਨਿਵੇਸ਼ ਕਰਨ ਦੀ ਵੱਚਨਬੱਧਤਾ ਦੇਣੀ ਚਾਹੀਦੀ ਹੈ।

ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਖਿਲਾਫ ਹਿੰਸਾ ਨੂੰ ਖਤਮ ਕਰਨ ਦੀ ਸ਼ੁਰੂਆਤ ਪੁਰਸ਼ਾਂ ਅਤੇ ਔਰਤ ਵਿੱਚਕਾਰ ਸਮਾਨਤਾ ਦਾ ਪ੍ਰਸਾਰ ਕਰਨ ਅਤੇ ਸਾਰਿਆਂ ਦਾ ਸਨਮਾਨ ਕਰਨ ਨਾਲ ਹੁੰਦੀ ਹੈ। ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਖਿਲਾਫ ਹਿੰਸਾ ਦਾ ਕੋਈ ਇੱਕ ਕਾਰਨ ਨਹੀਂ ਹੈ; ਪਰ, ਲਿੰਗੀ ਅਸਮਾਨਤਾ ਇਸ ਤਰ੍ਹਾਂ ਦੀ ਹਿੰਸਾ ਦੇ ਹੋਣ ਦਾ ਕਾਰਨ ਬਣਦੀ ਹੈ। ਚੌਥੀ ਕਾਰਜਵਾਈ ਯੋਜਨਾ ਰੋਕਥਾਮ, ਸ਼ੁਰੂਆਤੀ ਦਖਲ ਅਤੇ ਪ੍ਰਤੀਕ੍ਰਿਆ ਰਾਹੀਂ ਇਸ ਸਮੱਸਿਆ ਤੇ ਧਿਆਨ ਦਵਾਉਣਾ ਜਾਰੀ ਰੱਖੇਗੀ, ਨਾਲ ਹੀ ਇਸ ਵਿੱਚ ਹਿੰਸਾ ਕਰਨ ਵਾਲਿਆਂ ਨਾਲ ਕੰਮ ਕਰਨਾ ਸ਼ਾਮਿਲ ਹੈ ਤਾਂਜੋ ਉਹ ਅਜਿਹਾ ਕਰਨਾ ਬੰਦ ਕਰਨ।

ਔਰਤਾਂ ਖਿਲਾਫ ਹਿੰਸਾ ਦੀਆਂ ਦਰਾਂ ਬਹੁਤ ਚਿੰਤਾਜਨਕ ਹਨ। ਹਰੇਕ ਨੌ ਦਿਨਾਂ ਪਿੱਛੋਂ ਇੱਕ ਮਹਿਲਾ ਦੀ ਮੌਤ ਉਸਦੇ ਵਰਤਮਾਨ ਜਾਂ ਪੁਰਾਣੇ ਪਾਰਟਨਰ ਦੁਆਰਾ ਕੀਤੀ ਜਾਂਦੀ ਹੈ [1]। 2016 ਅਤੇ 2017 ਵਿੱਚਕਾਰ ਪੂਰੇ ਆਸਟ੍ਰੇਲੀਆ ਵਿੱਚ ਜਿਨਸੀ ਹਿੰਸਾ ਦੀਆਂ ਦਰਾਂ ਵਿੱਚ ਅੱਠ ਪ੍ਰਤੀਸ਼ਤ ਵਾਧਾ ਹੋਇਆ ਹੈ[2]। ਜਬਰਦਸਤੀ ਸ਼ਾਦੀ ਕਰਨੀ ਅਤੇ ਦਾਜ ਸੰਬੰਧੀ ਦੁਰਵਿਹਾਰ ਵਰਗੀਆਂ ਪੇਚੀਦਾ ਹਿੰਸਾ ਦੀਆਂ ਸਮੱਸਿਆਵਾਂ ਦਾ ਸਾਮ੍ਹਣੇ ਆਉਣਾ ਜਾਰੀ ਹੈ। ਅਜਿਹੇ ਤਜਰਬਿਆਂ ਵਿੱਚ ਸਭਿਆਚਾਰਕ ਵਿਚਾਰਧਾਰਾਵਾਂ ਅਤੇ ਪਰੰਪਰਾਵਾਂ, ਕਿਸੇ ਨਵੇਂ ਦੇਸ਼ ਵਿੱਚ ਪ੍ਰਵਾਸ ਕਰਨਾ ਅਤੇ ਬਸਨਾ, ਅਤੇ ਕੁੱਝ ਸੰਦਰਭਾਂ ਵਿੱਚ, ਧਾਰਮਿਕ ਅਤੇ/ਜਾਂ ਸਭਿਆਚਾਰਕ ਮਾਨਤਾਵਾਂ ਵਰਗੇ ਕਾਰਨਾਂ ਦਾ ਅਸਰ ਪੈ ਸਕਦਾ ਹੈ। ਇਨ੍ਹਾਂ ਜੁਰਮਾਂ ਉੱਤੇ ਧਿਆਨ ਦਿੱਤੇ ਜਾਣ ਅਤੇ ਡਟ ਕੇ ਇਨ੍ਹਾਂ ਦਾ ਸਾਮ੍ਹਣਾ ਕੀਤੇ ਜਾਣ ਦੀ ਲੋੜ ਹੈ।

## ਰਾਸ਼ਟਰੀ ਯੋਜਨਾ ਅਤੇ ਚੌਥੀ ਕਾਰਜਵਾਈ ਯੋਜਨਾ ਦਾ ਵਿਕਾਸ

ਰਾਸ਼ਟਰੀ ਯੋਜਨਾ 2011 ਵਿੱਚ ਜਾਰੀ ਕੀਤੀ ਗਈ ਸੀ। ਇਸਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਹਰੇਕ ਸਾਲ, ਘੱਟੋ ਘੱਟ ਔਰਤਾਂ ਹਿੰਸਾ ਦਾ ਸਾਮ੍ਹਣਾ ਕਰਨ ਅਤੇ ਵੱਧ ਤੋਂ ਵੱਧ ਔਰਤਾਂ ਅਤੇ ਉਨ੍ਹਾਂ ਦੇ ਬੱਚੇ ਸੁਰੱਖਿਅਤ ਤਰੀਕੇ ਨਾਲ ਜੀਵਨ ਬਤੀਤ ਕਰਨ। ਰਾਸ਼ਟਰੀ ਯੋਜਨਾ ਸਾਰੇ

[1] Australian Institute of Health and Welfare (AIHW), *Family, domestic and sexual violence in Australia: continuing the national story* 2019 (Canberra, ACT: AIHW, 2019), https://www.aihw.gov.au/reports/domestic-violence/family-domestic-sexual-violence-australia-2019/report-editions.

[2] Australian Bureau of Statistics (ABS), *Recorded Crime – Victims, Australia, 2017* (Canberra, ACT: ABS, 2018), https://www.abs.gov.au/ausstats/abs@.nsf/Lookup/by%20Subject/4510.0~2017~Media%20Release~Recording%20of%20sexual%20assaults%20reaches%20eight-year%20high%20(Media%20Release)~16.

ਆਸਟ੍ਰੇਲੀਆਈ ਅਤੇ ਰਾਜ ਅਤੇ ਟੇਰੇਟਰੀ ਸਰਕਾਰਾਂ, ਭਾਈਚਾਰਕ ਸੰਗਠਨਾਂ ਅਤੇ ਵਿਅਕਤੀਆਂ ਦੁਆਰਾ ਕੀਤੇ ਜਾਣ ਵਾਲੇ ਮਹੱਤਵਪੂਰਣ ਕੰਮ ਨੂੰ ਜੋੜਦੀ ਹੈ। ਇਹ ਇਸ ਗੱਲ ਦੀ ਪਛਾਣ ਕਰਦੀ ਹੈ ਕਿ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਖਿਲਾਫ ਹਿੰਸਾ ਇੱਕ ਪੇਚੀਦਾ ਸਮੱਸਿਆ ਹੈ ਜਿਸਦੇ ਲਈ ਲੰਬੀ ਮਿਆਦ ਦੀ ਕਾਰਜਵਾਈ ਯੋਜਨਾ ਦੀ ਲੋੜ ਹੈ। ਇਸ ਕਰਕੇ, ਰਾਸ਼ਟਰੀ ਯੋਜਨਾ ਨੂੰ ਚਾਰ ਕਾਰਵਾਈ ਯੋਜਨਾਵਾਂ ਰਾਹੀਂ ਪ੍ਰਦਾਨ ਕੀਤਾ ਜਾ ਰਿਹਾ ਹੈ ਜੋ ਇੱਕ ਦੂਜੇ ਤੇ ਨਿਰਭਰ ਹਨ, ਅਤੇ ਹਰੇਕ ਕਾਰਵਾਈ ਯੋਜਨਾ ਨੂੰ ਹਰ ਤਿੰਨ ਸਾਲ ਬਾਅਦ ਜਾਰੀ ਕੀਤਾ ਜਾਂਦਾ ਹੈ। ਇਹ ਦਸਤਾਵੇਜ਼ ਚੌਥੀ ਕਾਰਵਾਈ ਯੋਜਨਾ, ਇਸ ਸ਼੍ਰੇਣੀ ਦੀ ਅਖੀਰਲੀ ਯੋਜਨਾ ਦੇ ਮੁੱਖ ਪਹਿਲੂਆਂ ਨੂੰ ਦਰਸਾਉਂਦੀ ਹੈ।

ਚੌਥੀ ਕਾਰਵਾਈ ਯੋਜਨਾ ਵਿਕਸਿਤ ਕਰਨ ਲਈ, ਆਸਟ੍ਰੇਲੀਆਈ ਸਰਕਾਰ ਨੇ ਹਿੰਸਾ ਨਾਲ ਪ੍ਰਭਾਵਿਤ ਸੈਕੜੇ ਲੋਕਾਂ ਅਤੇ ਇਸਦੀ ਰੋਕਥਾਮ ਲਈ ਕੰਮ ਕਰਨ ਵਾਲੇ ਲੋਕਾਂ ਨਾਲ ਵਿਆਪਕ ਤੌਰ 'ਤੇ ਸਲਾਹ-ਮਸ਼ਵਰਾ ਕੀਤਾ। 2018 ਵਿੱਚ, 600 ਤੋਂ ਵੱਧ ਵਿਅਕਤੀਆਂ ਅਤੇ 400 ਤੋਂ ਵੱਧ ਸੰਗਠਨਾਂ ਨਾਲ 30 ਸਲਾਹ-ਮਸ਼ਵਰੇ ਕੀਤੇ ਗਏ। ਇਨ੍ਹਾਂ ਵਿੱਚ ਸ਼ਾਮਿਲ ਹਨ: ਉਹ ਲੋਕ ਜੋ ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ ਦਾ ਸਾਮ੍ਹਣਾ ਕਰਨ ਵਾਲੀਆਂ ਔਰਤਾਂ ਨਾਲ ਕੰਮ ਕਰ ਰਹੇ ਹਨ; ਆਮ ਜਨਤਾ; ਖੋਜਕਰਤਾ; ਅਤੇ ਸਿਹਤ, ਨਿਆਂ ਅਤੇ ਵਪਾਰਕ ਸੰਗਠਨਾਂ ਵਿੱਚ ਕੰਮ ਕਰਨ ਵਾਲੇ ਲੋਕ। ਇਨ੍ਹਾਂ ਸਲਾਹ-ਮਸ਼ਵਰਿਆਂ ਦੇ ਨਤੀਜਿਆਂ ਨਾਲ ਚੌਥੀ ਕਾਰਵਾਈ ਯੋਜਨਾ ਤਿਆਰ ਹੋਈ।

## ਚੌਥੀ ਕਾਰਵਾਈ ਯੋਜਨਾ

ਚੌਥੀ ਕਾਰਵਾਈ ਯੋਜਨ ਦੇ ਅੱਠ ਮੁੱਖ ਸਿਧਾਂਤ ਹਨ। ਇਹ ਸਿਧਾਂਤ ਚੌਥੀ ਕਾਰਵਾਈ ਯੋਜਨਾ ਦੀਆਂ ਸਾਰੀਆਂ ਗਤੀਵਿਧੀਆਂ ਤੇ ਲਾਗੂ ਹੁੰਦੇ ਹਨ ਅਤੇ ਪੰਜ ਰਾਸ਼ਟਰੀ ਪ੍ਰਾਥਮਿਕਤਾਵਾਂ ਨੂੰ ਸਮਰਥਨ ਦਿੰਦੇ ਹਨ ਅਤੇ ਸੂਚਿਤ ਕਰਦੇ ਹਨ। ਪੰਜ ਰਾਸ਼ਟਰੀ ਪ੍ਰਾਥਮਿਕਤਾਵਾਂ ਸਰਕਾਰ ਲਈ ਉਨ੍ਹਾਂ ਖੇਤਰਾਂ ਨੂੰ ਖਾਸੇ ਤੌਰ 'ਤੇ ਦਰਸਾਉਂਦੀਆਂ ਹਨ ਜਿਨ੍ਹਾਂ ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਪ੍ਰਾਥਮਿਕਤਾਵਾਂ ਇਹ ਦਰਸਾਉਂਦੀਆਂ ਹਨ ਕਿ ਅਸੀਂ ਸਲਾਹ-ਮਸ਼ਵਰਿਆਂ ਵਿੱਚ ਕੀ ਵਿਚਾਰ ਸੁਣੇ ਅਤੇ ਪ੍ਰਮਾਣ ਦੇ ਮੁਤਾਬਕ ਕੀ ਕਾਰਗਰ ਹੁੰਦਾ ਹੈ।

## **ਪਹਿਲੀ ਰਾਸ਼ਟਰੀ ਪ੍ਰਾਥਮਿਕਤਾ:** ਪ੍ਰਾਥਮਿਕ ਰੋਕਥਾਮ ਅਹਿਮ ਹੈ

ਰੋਕਥਾਮ ਕਰਨਾ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਖਿਲਾਫ ਹਿੰਸਾ ਨੂੰ ਮਿਟਾਉਣ ਦਾ ਸਭ ਤੋਂ ਕਾਰਗਰ ਤਰੀਕਾ ਹੈ ਅਤੇ ਇਹ ਚੌਥੀ ਕਾਰਵਾਈ ਯੋਜਨਾ ਦਾ ਅਹਿਮ ਭਾਗ ਹੈ। ਪ੍ਰਾਥਮਿਕ ਰੋਕਥਾਮ ਦਾ ਮਤਲਬ ਹੈ ਕਿ ਹਿੰਸਾ ਹੋਣ ਤੋਂ ਪਹਿਲਾਂ ਇਸਨੂੰ ਰੋਕਣਾ। ਇਸਦਾ ਮਤਲਬ ਹੈ, ਵਿਹਾਰ, ਨਜਰਿਏ ਅਤੇ ਉਨ੍ਹਾਂ ਮੰਨਿਆਂ ਜਾਣ ਵਾਲੀਆਂ ਮਿਆਰਾਂ ਨੂੰ ਬਦਲਣਾ ਜੋ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਖਿਲਾਫ ਹਿੰਸਾ ਕਰਨ ਲਈ ਬਹਾਨਾ ਬਣਾਉਂਦੀਆਂ ਹਨ, ਇਸਨੂੰ ਸਹੀ ਸਾਬਿਤ ਕਰਦੀਆਂ ਹਨ ਜਾਂ ਇੱਥੋਂ ਤਕ ਕਿ ਇਸਨੂੰ ਵਧਾਵਾ ਵੀ ਦਿੰਦੀਆਂ ਹਨ। ਪ੍ਰਾਥਮਿਕ ਰੋਕਥਾਮ ਦੀਆਂ ਗਤੀਵਿਧੀਆਂ ਪੂਰੇ ਭਾਈਚਾਰੇ ਲਈ ਹਨ, ਨਾ ਕਿ ਸਿਰਫ ਹਿੰਸਾ ਨਾਲ ਪ੍ਰਭਾਵਿਤ ਲੋਕਾਂ ਲਈ।

## **ਦੂਜੀ ਰਾਸ਼ਟਰੀ ਪ੍ਰਾਥਮਿਕਤਾ:** ਐਬੋਰਿਜਨਲ ਅਤੇ ਟੋਰਸ ਸਟ੍ਰੇਟ ਦੀਪਵਾਸੀ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਦਾ ਸਮਰਥਨ ਕਰਨਾ

ਐਬੋਰਿਜਨਲ ਅਤੇ ਟੋਰਸ ਸਟ੍ਰੇਟ ਦੀਪਵਾਸੀ ਔਰਤਾਂ, ਬੱਚਿਆਂ ਅਤੇ ਭਾਈਚਾਏ ਦੁਆਰੇ ਹਿੰਸਾ ਦੀ ਅਨੁਪਾਤਹੀਨ ਵਧੇਰੀਆਂ ਦਰਾਂ ਦਾ ਸਾਮ੍ਹਣਾ ਕੀਤਾ ਜਾਣਾ ਜਾਰੀ ਹੈ[3]।

ਸਾਨੂੰ ਇਹ ਗੱਲ ਸਾਫ ਕਰਨੀ ਹੋਵੇਗੀ ਕਿ ਪਰਿਵਾਰਕ ਹਿੰਸਾ ਆਸਟ੍ਰੇਲੀਆਈ ਸਭਿਆਚਾਰ, ਜਾਂ ਐਬੋਰਿਜਨਲ ਅਤੇ ਟੋਰਸ ਸਟ੍ਰੇਟ ਦੀਪਵਾਸੀ ਸਭਿਆਚਾਰ ਦਾ ਭਾਗ ਨਹੀਂ ਹੈ। ਸਭਿਆਚਾਰ ਅਤੇ ਪਰਿਵਾਰ ਕੇਂਦਰੀ ਮੁੱਖ ਸੁਰੱਖਿਆ ਕਾਰਕ ਹੁੰਦੇ ਹਨ ਜੋ ਦੇਸ਼ੀ ਪਰਿਵਾਰਾਂ ਨੂੰ ਹਿੰਸਾ-ਮੁਕਤ ਹੋਣ ਵਿੱਚ ਸਮਰਥਨ ਕਰਦੇ ਹਨ। ਐਬੋਰਿਜਨਲ ਅਤੇ ਟੋਰਸ ਸਟ੍ਰੇਟ ਦੀਪਵਾਸੀ ਔਰਤਾਂ ਦਾ ਅਜਿਹੇ ਵਿਕਲਪ ਲੈਣ ਵਿੱਚ ਸਮਰਥਨ ਕੀਤਾ ਜਾਣਾ ਚਾਹੀਦਾ ਹੈ ਜੋ ਸਦਮੇ ਅਤੇ ਹਿੰਸਾ ਦੇ ਉਨ੍ਹਾਂ ਦੇ ਚੱਕਰ ਨੂੰ ਭੰਗ ਕਰਨ ਦੀ ਸਥਿਤੀ ਵਿੱਚ ਉਨ੍ਹਾਂ ਦੀ ਆਪਣੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਲੰਬੀ ਮਿਆਦ ਦੀ ਸੁਰੱਖਿਅਤ ਦੀ ਹਿਫਾਜਤ ਅਤੇ ਇਸਦਾ ਪ੍ਰਸਾਰ ਕਰਦੇ ਹਨ। ਚੌਥੀ ਕਾਰਵਾਈ ਯੋਜਨਾ ਇਹ ਪਛਾਣ ਕਰਦੀ ਹੈ ਕਿ ਪਰਿਵਾਰਕ ਹਿੰਸਾ ਦੀ ਰੋਕਥਾਮ ਕਰਨਾ ਅਤੇ ਇਸਤੇ ਪ੍ਰਤੀਕ੍ਰਿਆ ਕਰਨਾ ਵਿਅਕਤੀ, ਪਰਿਵਾਰਕ ਅਤੇ ਭਾਈਚਾਰਕ ਸਮਰਥਤਾਵਾਂ ਦੀ ਪਛਾਣ ਕਰਨ ਨਾਲ ਸ਼ੁਰੂ ਹੁੰਦੀ ਹੈ।

ਹਿੰਸਾ ਤੇ ਧਿਆਨ ਦੇਣ ਦੇ ਸਮਾਧਾਨਾਂ ਵਿੱਚ ਐਬੋਰਿਜਨਲ ਅਤੇ ਟੋਰਸ ਸਟ੍ਰੇਟ ਦੀਪਵਾਸੀ ਔਰਤਾਂ ਨੂੰ ਫੈਸਲਾ ਲੈਣ ਦੀ ਪ੍ਰਕ੍ਰਿਆਵਾਂ ਵਿੱਚ ਪ੍ਰਭਾਵੀ ਰੂਪ ਵਿੱਚ ਸ਼ਾਮਿਲ ਕਰਨਾ ਅਤੇ ਇਸਦੇ ਲਈ ਤਿਆਰ ਕਰਨਾ ਸ਼ਾਮਿਲ ਹੈ। ਸੇਵਾ ਪ੍ਰਦਾਤਾਵਾਂ ਅਤੇ ਸਰਕਾਰਾਂ ਨੂੰ ਐਬੋਰਿਜਨਲ ਅਤੇ ਟੋਰਸ ਸਟ੍ਰੇਟ ਦੀਪਵਾਸੀ ਲੋਕਾਂ ਅਤੇ ਭਾਈਚਾਰੇ ਤੋਂ ਨਿਯੰਤਰਿਤ ਸੰਗਠਨਾਂ ਨਾਲ ਕੰਮ ਕਰਨਾ ਚਾਹੀਦਾ ਹੈ ਤਾਂਜੋ ਅਜਿਹੇ ਸਮਾਧਾਨ ਤਿਆਰ ਕੀਤੇ ਜਾ ਸਕਣ ਜੋ ਸਭਿਆਚਾਰਕ ਤੌਰ 'ਤੇ ਉਚਿਤ ਹੋਣ, ਸਦਮੇ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਣ ਅਤੇ ਸੰਪੂਰਣ ਹੋਣ ਅਤੇ ਪਰਿਵਾਰਾਂ ਅਤੇ ਭਾਈਚਾਰਿਆਂ ਲਈ ਫਾਇਦੇਮੰਦ ਹੋਣ।

## **ਤੀਜੀ ਰਾਸ਼ਟਰੀ ਪ੍ਰਾਥਮਿਕਤਾ:** ਹਿੰਸਾ ਤੋਂ ਪ੍ਰਭਾਵਿਤ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਜੀਵਨ ਵਿੱਚ ਸਾਮ੍ਹਣਾ ਕੀਤੇ ਗਏ ਵੱਖ-ਵੱਖ ਤਜਰਬਿਆਂ ਅਤੇ ਗਿਆਨ ਦਾ ਸਨਮਾਨ ਕਰਨਾ, ਇਸਨੂੰ ਸੁਣਨਾ ਅਤੇ ਇਸਤੇ ਪ੍ਰਤੀਕ੍ਰਿਆ ਕਰਨਾ

ਔਰਤ ਭਾਵੇਂ ਕਿਸੇ ਵੀ ਪਿਛੋਕੜ ਨਾਲ ਸੰਬੰਧਿਤ ਹੋਵੇ, ਉਸਨੂੰ ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ ਦਾ ਸਾਮ੍ਹਣਾ ਕਰਨਾ ਪੈ ਸਕਦਾ ਹੈ। ਹਰੇਕ ਔਰਤ ਦੇ ਤਜਰਬੇ ਵੱਖ-ਵੱਖ ਹੁੰਦੇ ਹਨ। ਪੀੜਿਤਾਂ ਅਤੇ ਸਰਵਾਈਵਰਾਂ (ਉੱਤਰਜੀਵੀਆਂ) ਦੇ ਤਜਰਬੇ ਸਾਨੂੰ ਇਹ ਸਮਝਣ ਵਿੱਚ ਮਦਦ ਦਿੰਦੇ ਹਨ ਕਿਹੜੀਆਂ ਗੱਲਾਂ ਉਨ੍ਹਾਂ ਲਈ ਕਾਰਗਰ ਰਹਿੰਦੀਆਂ ਹਨ। ਸਹਾਇਤਾ ਸੇਵਾਵਾਂ ਲਈ ਇਹ ਜ਼ਰੂਰੀ ਹੈ ਕਿ ਉਹ:

- ਪੀੜਿਤਾਂ ਅਤੇ ਸਰਵਾਈਵਰਾਂ ਦੀਆਂ ਜ਼ਰੂਰਤਾਂ ਅਤੇ ਵਿਚਾਰਾਂ ਨੂੰ ਪ੍ਰਾਥਮਿਕਤਾ ਦੇਣ

---

[3] Our Watch, *Changing the Picture: A National Resource to Support the Prevention of Violence against Aboriginal and Torres Strait Islander Women and their Children* (Melbourne, VIC: Our Watch, 2018), https://www.ourwatch.org.au/getmedia/ab55d7a6-8c07-45ac-a80f-dbb9e593cbf6/Changing-the-picture-AA-3.pdf.aspx.

- ਕਿਸੇ ਪੀੜਿਤ ਅਤੇ ਸਰਵਾਇਰ ਖਿਲਾਫ ਪੱਖਪਾਤ ਨਾ ਕਰਨ
- ਸਦਮੇ ਦੇ ਵੱਖ-ਵੱਖ ਤਜਰਬੇ ਦੀ ਸਮਝ ਨੂੰ ਦਰਸਾਉਣ
- ੱਖ-ਵੱਖ ਸਭਿਆਚਾਰਕ ਲੋੜਾਂ ਅਤੇ ਤਜਰਬਿਆਂ ਤੇ ਧਿਆਨ ਦੇਣ
- ਜਾਤੀ, ਜਿਨਸੀਅਤ, ਲਿੰਗ ਅਤੇ ਅਪਾਹਜਤਾ ਤੇ ਧਿਆਨ ਦੇਣ
- ਸਮਾਜਕ ਪੱਖਪਾਤ ਅਤੇ ਅਹਿੱਤ ਦੇ ਹੋਰ ਪ੍ਰਕਾਰਾਂ ਨਾਲ ਔਰਤਾਂ ਅਤੇ ਪੁਰਖਾਂ ਵਿੱਚਕਾਰ ਅਸਮਾਨਤਾ ਤੇ ਵਿਚਾਰ ਕਰਨ।

ਸਮਾਜਕ ਪੱਖਪਾਤ ਅਤੇ ਅਹਿੱਤ ਦੇ ਹੋਰ ਪ੍ਰਕਾਰਾਂ ਨਾਲ ਔਰਤਾਂ ਅਤੇ ਪੁਰਖਾਂ ਵਿੱਚਕਾਰ ਅਸਮਾਨਤਾ ਤੇ ਵਿਚਾਰ ਕਰਨਾ ਮਹਤਵਪੂਰਣ ਹੁੰਦਾ ਹੈ। ਜਾਤੀ, ਜਿਨਸੀਅਤ, ਲਿੰਗ ਅਤੇ ਅਪਾਹਜਤਾ, ਨਾਲ ਹੀ ਪਛਾਣ ਦੇ ਹੋਰ ਪ੍ਰਕਾਰ, ਔਰਤ ਦੁਆਰਾ ਹਿੰਸਾ ਦਾ ਸਾਮ੍ਹਣਾ ਕੀਤੇ ਜਾਣ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਸਕਦੇ ਹਨ।

## **ਚੌਥੀ ਰਾਸ਼ਟਰੀ ਪ੍ਰਾਥਮਿਕਤਾ:** ਜਿਨਸੀ ਹਿੰਸਾ ਅਤੇ ਜਿਨਸੀ ਛੇੜ-ਛਾੜ ਤੇ ਪ੍ਰਤੀਕ੍ਰਿਆ ਕਰਨਾ

ਜਿਨਸੀ ਹਿੰਸਾ ਘਰੇਲੂ ਅਤੇ ਪਰਿਵਾਰਕ ਹਿੰਸਾ ਅਤੇ ਸਟੈਂਡਅਲੋਨ ਜੁਰਮ ਦਾ ਪ੍ਰਕਾਰ ਹੋ ਸਕਦੀ ਹੈ। ਘਰੇਲੂ ਅਤੇ ਪਰਿਵਾਰਕ ਹਿੰਸਾ ਵਾਂਗ ਹੀ, ਪੁਰਖਾਂ ਤੋਂ ਵੱਧ ਔਰਤਾਂ ਜਿਨਸੀ ਛੇੜ-ਛਾੜ ਅਤੇ ਜਿਨਸੀ ਪ੍ਰਹਾਰ ਦਾ ਅਨੁਭਵ ਕਰਦੀਆਂ ਹਨ[4]।

ਕਾਨੂੰਨ ਵਿੱਚ ਹਾਲ ਹੀ ਵਿੱਚ ਕੀਤੀਆਂ ਤਬਦੀਲੀਆਂ ਦੇ ਬਾਵਜੂਦ, ਫਿਰ ਵੀ ਅਜਿਹੀਆਂ ਕਈ ਰੁਕਾਵਟਾਂ ਹਨ ਜੋ ਔਰਤਾਂ ਲਈ ਸੂਚਨਾ ਦੇਣ ਅਤੇ ਸੇਵਾਵਾਂ ਤਕ ਪਹੁੰਚ ਪ੍ਰਾਪਤ ਕਰਨਾ ਔਖਾ ਬਣਾਉਂਦੀਆਂ ਹਨ। ਇਸ ਵਿੱਚ ਔਰਤਾਂ ਤੇ ਭਰੋਸਾ ਨਾ ਕੀਤੇ ਜਾਣਾ ਅਤੇ ਇਸਦੇ ਵਜੋਂ ਅਪਰਾਧਕ ਨਿਆਂ ਪ੍ਰਣਾਲੀ ਤੇ ਭਰੋਸਾ ਨਾ ਕਰਨਾ ਸ਼ਾਮਿਲ ਹੈ।

ਚੌਥੀ ਕਾਰਵਾਈ ਯੋਜਨਾ ਖਾਸ ਤੌਰ 'ਤੇ ਪ੍ਰਾਥਮਿਕ ਰੋਕਥਾਮ ਰਾਹੀਂ ਜਿਨਸੀ ਹਿੰਸਾ ਤੇ ਧਿਆਨ ਦਿੰਦੀ ਹੈ। ਇਸ ਵਿੱਚ ਜਿਨਸੀ ਸਮਾਨਤਾ, ਸਹਿਮਤੀ ਅਤੇ ਸਿਹਤਮੰਦ ਜਿਨਸੀ ਸੰਬੰਧ ਵਰਗੇ ਮੁੱਦਿਆਂ ਪ੍ਰਤੀ ਜਾਗਰੂਕਤਾ ਅਤੇ ਸਮਝਬੂਝ ਪੈਦਾ ਕਰਨਾ ਸ਼ਾਮਿਲ ਹੈ, ਖਾਸ ਕਰਕੇ ਨੌਜਵਾਨਾਂ ਲਈ। ਇਸਦਾ ਉਦੇਸ਼ ਲੋਕਾਂ ਦੁਆਰਾ ਪੀੜਿਤਾਂ ਉੱਤੇ ਦੋਸ਼ ਲਗਾਉਣ ਤੋਂ ਰੋਕਣਾ ਵੀ ਹੈ। ਇਸ ਉੱਤੇ ਦਿਤਾ ਜਾਣ ਵਾਲਾ ਇਹ ਧਿਆਨ ਘਰ, ਕੰਮ ਕਰਨ ਦੀ ਥਾਂ, ਜਨਤਕ ਥਾਵਾਂ ਅਤੇ ਆਨਲਾਇਨ ਜਿਨਸੀ ਛੇੜ-ਛਾੜ ਨੂੰ ਘੱਟ ਕਰਨ ਵਿੱਚ ਵੀ ਯੋਗਦਾਨ ਦਵੇਗਾ।

## **ਪੰਜਵੀਂ ਰਾਸ਼ਟਰੀ ਪ੍ਰਾਥਮਿਕਤਾ:** ਸਮਰਥਨ ਅਤੇ ਸੇਵਾ ਪ੍ਰਣਾਲੀ ਪ੍ਰਤੀਕ੍ਰਿਆਵਾਂ ਨੂੰ ਬਿਹਤਾਰ ਬਣਾਉਣਾ

ਸਾਰੀਆਂ ਸਰਕਾਰਾਂ ਸੇਵਾ ਪ੍ਰਤੀਕ੍ਰਿਆਵਾਂ ਨੂੰ ਬਿਹਤਰ ਬਣਾਉਣ ਲਈ ਸਖਤ ਮਿਹਨਤ ਕਰਨਾ ਜਾਰੀ ਰੱਖਦੀਆਂ ਹਨ ਤਾਂਜੋ ਉਹ ਯਕੀਨੀ ਬਣਾਇਆ ਜਾ ਰਕੇ ਕਿ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਕੋਲ ਲੋੜ ਪੈਣ ਤੇ ਸਹਾਇਤਾ ਤਕ ਪਹੁੰਚ ਉਪਲਬਧ ਹੈ। ਇਸ ਵਿੱਚ ਇਹ ਸ਼ਾਮਿਲ ਹੈ ਕਿ ਹਿੰਸਾ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ ਅਤੇ ਇਸਦੀ ਸੂਚਨਾ ਕਿਵੇਂ ਦਿੱਤੀ ਜਾਂਦੀ ਹੈ, ਅਤੇ ਸਮਰਥਨ ਪ੍ਰਾਪਤ ਕਰਨ ਨਾਲ ਸੰਬੰਧਤ ਕਲੰਕ ਨੂੰ ਘੱਟਾਉਣਾ।



[4] ABS, 2016 *Personal Safety Survey.*

**ਸੇਵਾ ਪ੍ਰਣਾਲਿਆਂ ਨੂੰ ਮਿਲਕੇ ਕੰਮ ਕਰਨਾ ਚਾਹੀਦਾ ਹੈ ਤਾਂਜੋ:**

- ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਉੱਤੇ ਹਿੰਸਾ ਦੇ ਅਸਰ ਨੂੰ ਘੱਟ ਕੀਤਾ ਜਾ ਸਕੇ
- ਉਨ੍ਹਾਂ ਦੀ ਸੁਰੱਖਿਆ ਨੂੰ ਪ੍ਰਾਥਮਿਕਤਾ ਦਿੱਤੀ ਜਾ ਸਕੇ
- ਅਪਰਾਧਿਆਂ ਨੂੰ ਹਿੰਸਾ ਦੀ ਵਰਤੋਂ ਕਰਨ ਤੋਂ ਰੋਕਿਆ ਜਾ ਸਕੇ।

**ਸ਼ੁਰੂਆਤੀ ਚੇਤਾਵਨੀ ਸੰਕੇਤਾਂ ਦੀ ਪਛਾਣ ਕਰਨੀ ਅਤੇ ਇਨ੍ਹਾਂ ਤੇ ਪ੍ਰਤੀਕ੍ਰਿਆ ਕਰਨੀ ਅਹਿਮ ਹੈ। ਸ਼ੁਰੂਆਤੀ ਦਖਲਅੰਦਾਜ਼ੀ ਨਾਲ:**

- ਔਰਤਾਂ ਅਤੇ ਬੱਚਿਆਂ ਖਿਲਾਫ ਹਿੰਸਾ ਨੂੰ ਵੱਧਣ ਤੋਂ ਰੋਕਣਾ
- ਪੀੜਿਤਾਂ ਨੂੰ ਤਤਕਾਲਿਕ ਨੁਕਸਾਨ ਤੋਂ ਸੁਰੱਖਿਅਤ ਕਰਨਾ
- ਹਿੰਸਾ ਨੂੰ ਵੱਧਣ ਤੋਂ ਰੋਕਣ।

# ਚੌਥੀ ਕਾਰਵਾਈ ਯੋਜਨਾ ਲਾਗੂ ਕਰਨੀ

ਆਉਣ ਵਾਲੇ ਮਹੀਨਿਆਂ ਵਿੱਚ ਆਸਟ੍ਰੇਲੀਆਈ ਅਤੇ ਰਾਜ ਅਤੇ ਟੇਰੇਟਰੀ ਦੀਆਂ ਸਰਕਾਰਾਂ ਇੱਕ ਰਾਸ਼ਟਰੀ ਤਾਮੀਲ ਯੋਜਨਾ ਤਿਆਰ ਕਰਣਗੀਆਂ। ਯੋਜਨਾ ਉਨ੍ਹਾਂ ਨੀਤੀਆਂ ਅਤੇ ਪ੍ਰੋਗ੍ਰਾਮਾਂ ਨੂੰ ਦਰਸਾਏਗੀ ਜਿਨ੍ਹਾਂ ਨੂੰ ਸਾਰੀਆਂ ਸਰਕਾਰਾਂ ਲਾਗੂ ਕਰਨਗੀਆਂ ਤਾਂਜੋ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਖਿਲਾਫ ਹਿੰਸਾ ਨੂੰ ਘੱਟ ਕਰਨ ਲਈ ਚੌਥੀ ਕਾਰਵਾਈ ਯੋਜਨਾ ਦੀਆਂ ਪ੍ਰਾਥਮਿਕਤਾਵਾਂ ਤੇ ਧਿਆਨ ਦਿੱਤਾ ਜਾ ਸਕੇ। ਤਾਮੀਲ ਯੋਜਨਾ ਇਹ ਵੀ ਦਰਸਾਏਗੀ ਕਿ ਪ੍ਰਦਰਸ਼ਨ ਤੇ ਨਜ਼ਰ ਕਿਵੇਂ ਰੱਖੀ ਜਾਏਗੀ ਅਤੇ ਇਸਦਾ ਮੁਲਾਂਕਣ ਚੌਥੀ ਕਾਰਵਾਈ ਯੋਜਨਾ ਦੇ ਜੀਵਨਕਾਲ ਦੌਰਾਨ ਕਿਵੇਂ ਕੀਤਾ ਜਾਵੇਗਾ।

# ਰਾਸ਼ਟਰੀ ਯੋਜਨਾ ਬਾਰੇ ਵਧੇਰੀ ਜਾਣਕਾਰੀ ਲਈ:

- www.plan4womenssafety.dss.gov.au ਵੇਖੋ
- www.dss.gov.au ਤੇ ਪੂਰੀ ਰਾਸ਼ਟਰੀ ਯੋਜਨਾ ਪੜ੍ਹੋ

# ਸਮਰਥਨ ਲਈ:

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣੂ ਹਿੰਸਾ ਦਾ ਸਾਮ੍ਹਣਾ ਕਰ ਰਿਹਾ ਹੈ ਤਾਂ ਸਹਾਇਤਾ ਉਪਲਬਧ ਹੈ। ਐਮਰਜੇਂਸੀ ਦੇ ਹਾਲਾਤ ਵਿੱਚ 000 ਤੇ ਫੋਨ ਕਰੋ।

ਸੁਚਨਾ, ਸਮਰਥਨ ਅਤੇ ਸਲਾਹ ਲਈ 1800RESPECT ਨਾਲ 1800 737 732 ਤੇ ਸੰਪਰਕ ਕਰੋ ਜਾਂ ਵੈੱਬਸਾਈਟ www.1800respect.org.au ਵੇਖੋ। ਇਹ ਸੇਵਾ ਮੁਫਤ, ਗੋਪਨੀਯ ਅਤੇ ਦਿਨ ਵਿੱਚ 24 ਘੰਟੇ ਖੁਲ੍ਹੀ ਹੈ।